

## ਬੱਚੇਦਾਨੀ ਦੇ ਮੂੰਹ ਦੀ ਜਾਂਚ ਕਿਸ ਨੂੰ ਕਰਵਾਉਣੀ ਚਾਹੀਦੀ ਹੈ?

25 ਤੋਂ 69 ਸਾਲਾਂ ਵਿਚਕਾਰ ਦੇ ਬੱਚੇਦਾਨੀ ਵਾਲੇ ਕਿਸੇ ਵੀ ਵਿਅਕਤੀ, ਔਰਤਾਂ ਅਤੇ ਟ੍ਰਾਂਸਜੈਂਡਰ ਲੋਕਾਂ ਸਮੇਤ, ਨੂੰ ਬਾਕਾਇਦਗੀ ਨਾਲ ਜਾਂਚ ਕਰਵਾਉਣੀ ਚਾਹੀਦੀ ਹੈ।

ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਲਈ ਫਿਰ ਵੀ ਨੇਮ ਨਾਲ ਜਾਂਚ ਕਰਵਾਉਣੀ ਚਾਹੀਦੀ ਹੈ, ਜੇ:

- ✓ ਤੁਸੀਂ ਐੱਚ ਪੀ ਵੀ ਦਾ ਵੈਕਸੀਨ ਲਵਾਇਆ ਹੋਇਆ ਹੈ;
- ✓ ਤੁਸੀਂ ਕਦੇ ਵੀ ਸੈਕਸੁਅਲ ਤੌਰ ’ਤੇ ਸਰਗਰਮ ਰਹੇ ਹੋ, ਬੇਸ਼ੱਕ ਇਸ ਸਮੇਂ ਤੁਸੀਂ ਸੈਕਸੁਅਲ ਤੌਰ ’ਤੇ ਸਰਗਰਮ ਨਾ ਵੀ ਹੋਵੋਂ;
- ✓ ਤੁਹਾਡੀ ਮਾਹਵਾਰੀ ਪੱਕੇ ਤੌਰ ’ਤੇ ਬੰਦ ਹੋ ਗਈ ਹੈ;
- ✓ ਤੁਸੀਂ ਸੇਮ-ਸੈਕਸ ਸੰਬੰਧ ਵਿੱਚ ਹੋ।

ਘਰ ਵਿੱਚ ਬੱਚੇਦਾਨੀ ਦੇ ਮੂੰਹ ਦੀ ਜਾਂਚ ਨਾ ਕਰੋ ਜੇ:

- ✗ ਤੁਸੀਂ ਗਰਭਵਤੀ ਹੋ। ਪੈਪ ਟੈੱਸਟ ਲਈ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਕੋਲ ਜਾਉ।
- ✗ ਤੁਸੀਂ ਐੱਚ ਆਈ ਵੀ ਪੌਜ਼ੇਟਿਵ ਹੋ ਜਾਂ ਤੁਹਾਡੇ ਵਿੱਚ ਇਕ ਠੋਸ ਅੰਗ (ਸੌਲਿਡ ਆਰਗੇਨ) ਦਾ ਟ੍ਰਾਂਸਪਲਾਂਟ ਹੋਇਆ ਹੈ। ਪੈਪ ਟੈੱਸਟ ਲਈ ਸਾਲ ਵਿੱਚ ਇਕ ਵਾਰ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਕੋਲ ਜਾਉ।

ਜੇ ਤੁਹਾਡੇ ਨਤੀਜੇ ਸਦਾ ਨਾਰਮਲ ਆਉਂਦੇ ਰਹੇ ਹੋਣ ਤਾਂ ਤੁਸੀਂ ਬੱਚੇਦਾਨੀ ਦੇ ਮੂੰਹ ਦੀ ਜਾਂਚ 69 ਸਾਲ ਦੀ ਉਮਰ ਵਿੱਚ ਬੰਦ ਕਰ ਸਕਦੇ ਹੋ। ਕੀ ਤੁਹਾਨੂੰ ਹੁਣ ਵੀ ਇਹ ਜਾਂਚ ਕਰਨੀ ਚਾਹੀਦੀ ਹੈ, ਇਸ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਪੁੱਛੋ।

## ਕੀ ਮੈਨੂੰ ਐੱਚ ਪੀ ਵੀ ਦਾ ਵੈਕਸੀਨ ਲਵਾਉਣਾ ਚਾਹੀਦਾ ਹੈ?

9 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਇਹ ਵੈਕਸੀਨ ਲਵਾ ਸਕਦਾ ਹੈ। ਇਹ ਵੈਕਸੀਨ ਐੱਚ ਪੀ ਵੀ ਦੀਆਂ ਉਨ੍ਹਾਂ ਕਿਸਮਾਂ ਤੋਂ ਬਚਾਅ ਕਰਨ ਵਿੱਚ ਬਹੁਤ ਕਾਰਗਰ ਹੈ, ਜਿਹੜੀਆਂ ਕਿਸਮਾਂ ਬੱਚੇਦਾਨੀ ਦੇ ਮੂੰਹ ਦੀਆਂ ਬਹੁਤੀਆਂ ਕੈਂਸਰਾਂ ਦਾ ਕਾਰਨ ਬਣਦੀਆਂ ਹਨ। ਪਰ ਵੈਕਸੀਨ ਐੱਚ ਪੀ ਵੀ ਦੀਆਂ ਸਾਰੀਆਂ ਕਿਸਮਾਂ ਤੋਂ ਬਚਾਅ ਨਹੀਂ ਕਰਦਾ। ਜੇ ਤੁਸੀਂ ਐੱਚ ਪੀ ਵੀ ਦਾ ਵੈਕਸੀਨ ਲਵਾਇਆ ਹੋਇਆ ਹੈ ਤਾਂ ਵੀ ਤੁਹਾਨੂੰ ਜਾਂਚ ਕਰਵਾਉਣੀ ਚਾਹੀਦੀ ਹੈ। ਹੋਰ ਜਾਣਨ ਲਈ www.immunizebc.ca/hpv ’ਤੇ ਜਾਉ।

## ਵਿਚਾਰਨ ਵਾਲੀਆਂ ਚੀਜ਼ਾਂ:

- ਜਾਂਚ ਦਾ ਕੋਈ ਵੀ ਟੈੱਸਟ ਸੰਪੂਰਨ ਨਹੀਂ ਹੁੰਦਾ। ਇਹ ਸੰਭਵ ਹੈ ਕਿ ਤੁਹਾਡੇ ਨਤੀਜੇ ਇਹ ਦੱਸਣ ਕਿ ਵੱਧ ਖਤਰੇ ਵਾਲਾ ਕੋਈ ਵੀ ਐੱਚ ਪੀ ਵੀ ਨਹੀਂ ਲੱਭਿਆ, ਬੇਸ਼ੱਕ ਤੁਹਾਡੇ ਅੰਦਰ ਕੈਂਸਰ ਤੋਂ ਪਹਿਲੇ ਪੜਾਅ ਦੇ ਸੈੱਲ (ਪ੍ਰੀ-ਕੈਂਸਰਿਅਸ ਸੈੱਲ) ਹੋਣ ਜਾਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋਵੇ (ਫਾਲਸ-ਨੈਗੇਟਿਵ)। ਤੁਹਾਡੇ ਨਤੀਜੇ ਇਹ ਵੀ ਦਿਖਾ ਸਕਦੇ ਹਨ ਕਿ ਤੁਹਾਡੇ ਅੰਦਰ ਵੱਧ ਖਤਰੇ ਵਾਲਾ ਐੱਚ ਪੀ ਵੀ ਲੱਭਿਆ ਹੈ, ਪਰ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚ ਕੋਈ ਤਬਦੀਲੀਆਂ ਨਹੀਂ ਹੋ ਸਕਦੀਆਂ (ਫਾਲਸ ਪੌਜ਼ੇਟਿਵ)।
- ਜੇ ਤੁਹਾਡੇ ਨਤੀਜੇ ਇਹ ਦਿਖਾਉਣ ਕਿ ਤੁਹਾਡੇ ਵਿੱਚ ਵੱਧ ਖਤਰੇ ਵਾਲਾ ਐੱਚ ਪੀ ਵੀ ਲੱਭਾ ਹੈ, ਤਾਂ ਤੁਹਾਨੂੰ ਕੁੱਝ ਚਿੰਤਾ ਹੋ ਸਕਦੀ ਹੈ। ਇਸ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਤੁਹਾਨੂੰ ਕੈਂਸਰ ਹੋਵੇਗੀ। ਬਹੁਤੇ ਲੋਕਾਂ ਵਿੱਚ ਐੱਚ ਪੀ ਵੀ ਦੀ ਇਨਫੈਕਸ਼ਨ ਖਤਮ ਹੋ ਜਾਵੇਗੀ ਅਤੇ ਹਰ ਇਕ ਨੂੰ ਐੱਚ ਪੀ ਵੀ ਦੀ ਇਨਫੈਕਸ਼ਨ ਨਾਲ ਕੈਂਸਰ ਨਹੀਂ ਹੋਵੇਗੀ।
- ਜੇ ਸੈਕਸ ਤੋਂ ਬਾਅਦ, ਮਾਹਵਾਰੀ ਦੇ ਸਮਿਆਂ ਵਿਚਕਾਰ ਜਾਂ ਮਾਹਵਾਰੀ ਪੱਕੇ ਤੌਰ ’ਤੇ ਬੰਦ ਹੋਣ ਬਾਅਦ ਤੁਹਾਡੀ ਯੋਨੀ ਵਿੱਚੋਂ ਬਲੀਡਿੰਗ ਹੁੰਦੀ ਹੈ; ਯੋਨੀ ਵਿੱਚੋਂ ਅਸਧਾਰਣ ਜਾਂ ਜ਼ਿਆਦਾ ਮੁਆਦ ਨਿਕਲਦਾ ਹੈ; ਪੇਡੂ (ਪੈਲਵਿਕ) ਵਿੱਚ ਬਿਨਾਂ ਕਿਸੇ ਕਾਰਨ ਦੇ ਦਰਦ ਹੁੰਦੀ ਹੈ ਜਾਂ ਸੈਕਸ ਦੌਰਾਨ ਦਰਦ ਹੁੰਦੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰੋ। ਇਹਨਾਂ ਲੱਛਣਾਂ ਦੀ ਜਾਂਚ ਕਰਨਾ ਜ਼ਰੂਰੀ ਹੈ – ਭਾਵੇਂ ਕਿ ਤੁਹਾਡੀ ਜਾਂਚ ਦੇ ਨਤੀਜੇ ਨਾਰਮਲ ਹੋਣ।

## ਸਾਡੇ ਨਾਲ ਸੰਪਰਕ ਕਰੋ

BC Cancer Cervix Screening
801-686 West Broadway
Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/cervix-pilot

ਤੁਹਾਡੀ ਨਿੱਜੀ ਜਾਣਕਾਰੀ, ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ ਅਤੇ ਜਿੱਥੇ ਲਾਗੂ ਹੁੰਦਾ ਹੋਵੇ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਦੀ ਜ਼ਾਮਨੀ ਲਈ ਕੀਤੀ ਜਾਵੇਗੀ ਅਤੇ ਇਹ ਇਲਾਜ ਵਿਚ ਸ਼ਾਮਲ ਡਾਕਟਰਾਂ ਨੂੰ ਦੱਸੀ ਜਾਵੇਗੀ ਜਾਂ ਉਦੋਂ ਦੱਸੀ ਜਾਵੇਗੀ ਜਦੋਂ ਕਾਨੂੰਨ ਮੰਗ ਕਰਦਾ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਸੰਬੰਧੀ ਜੇ ਕੋਈ ਵੀ ਸਵਾਲ ਹੋਣ ਤਾਂ ਇਹ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)

Version: August 2022

BC CANCER CERVIX SCREENING
Provincial Health Services Authority



# ਬੱਚੇਦਾਨੀ ਦੇ ਮੂੰਹ ਦੀ ਘਰ ਵਿੱਚ ਜਾਂਚ

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਅਤੇ ਘਰ ਵਿੱਚ ਬੱਚੇਦਾਨੀ ਦੇ ਮੂੰਹ ਦੀ ਜਾਂਚ (ਸਕਰੀਨਿੰਗ) ਬਾਰੇ ਤੁਹਾਡੇ ਸਵਾਲਾਂ ਦੇ ਜਵਾਬ

screeningbc.ca/cervix-pilot

**ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੀ ਤਕਰੀਬਨ ਸਮੁੱਚੇ ਰੂਪ ਵਿੱਚ ਰੋਕਥਾਮ ਕੀਤੀ ਜਾ ਸਕਦੀ ਹੈ। ਬਾਕਾਇਦਗੀ ਨਾਲ ਜਾਂਚ ਕਰਨੀ ਇਕ ਮੁੱਖ ਢੰਗ ਹੈ ਜਿਸ ਨਾਲ ਤੁਸੀਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੀ ਰੋਕਥਾਮ ਕਰ ਸਕਦੇ ਹੋ।**


## ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਕੀ ਹੈ?

ਐੱਚ ਪੀ ਵੀ ਇਕ ਬਹੁਤ ਹੀ ਆਮ ਵਾਇਰਸ ਹੈ। ਇਹ ਕਿਸੇ ਤਰ੍ਹਾਂ ਦੇ ਵੀ ਕਾਮੁਕ ਸੰਪਰਕ ਨਾਲ ਸੌਖ ਨਾਲ ਫੈਲ ਜਾਂਦਾ ਹੈ। ਇਸ ਵਿੱਚ ਲਿੰਗਕ ਛੂਹ, ਮੂੰਹ, ਯੋਨੀ ਅਤੇ ਗੁਦਾ ਰਾਹੀਂ ਸੈਕਸ ਸ਼ਾਮਲ ਹਨ। ਆਮ ਤੌਰ ’ਤੇ ਇਹ ਵਾਇਰਸ ਆਪਣੇ ਆਪ ਬਿਨਾਂ ਕੋਈ ਸਮੱਸਿਆ ਪੈਦਾ ਕੀਤਿਆਂ ਸਰੀਰ ਵਿੱਚੋਂ ਨਿਕਲ ਜਾਂਦਾ ਹੈ

ਐੱਚ ਪੀ ਵੀ ਦੀਆਂ ਦੋ ਕਿਸਮਾਂ ਹਨ: ਘੱਟ ਖਤਰੇ ਵਾਲਾ ਅਤੇ ਵੱਧ ਖਤਰੇ ਵਾਲਾ। ਵੱਧ ਖਤਰੇ ਵਾਲੇ ਐੱਚ ਪੀ ਵੀ ਦੀ ਲੰਮੇ ਸਮੇਂ ਤੱਕ ਰਹਿਣ ਵਾਲੀ ਇਨਫੈਕਸ਼ਨ (ਆਮ ਤੌਰ ’ਤੇ ਦਸ ਸਾਲ ਜਾਂ ਵੱਧ ਸਮਾਂ ਰਹਿਣ ਵਾਲੀ) ਕੈਂਸਰ ਬਣ ਸਕਦੀ ਹੈ ਜੇ ਉਸ ਦਾ ਪਤਾ ਨਾ ਲੱਗੇ ਅਤੇ ਇਲਾਜ ਨਾ ਕੀਤਾ ਜਾਵੇ.

ਬਹੁਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਿਸੇ ਵੇਲੇ ਐੱਚ ਪੀ ਵੀ ਦੀ ਇਨਫੈਕਸ਼ਨ ਹੋਵੇਗੀ। ਆਮ ਤੌਰ ’ਤੇ ਸਰੀਰ ਦਾ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਵਾਲਾ ਸਿਸਟਮ) ਐੱਚ ਪੀ ਵੀ ਨੂੰ ਦੋ ਸਾਲਾਂ ਦੇ ਵਿੱਚ ਵਿੱਚ ਸਰੀਰ ਵਿੱਚੋਂ ਕੱਢ ਦਿੰਦਾ ਹੈ। ਜੇ ਵੱਧ ਖਤਰੇ ਵਾਲੇ ਐੱਚ ਪੀ ਵੀ ਦੀ ਇਨਫੈਕਸ਼ਨ ਖਤਮ ਨਾ ਹੋਵੇ, ਤਾਂ ਇਹ ਬੱਚੇਦਾਨੀ ਦੇ ਮੂੰਹ ਵਿਚਲੇ ਸੈੱਲਾਂ ਨੂੰ ਅਸਧਾਰਣ ਬਣਾ ਸਕਦੀ ਹੈ। ਜੇ ਇਹਨਾਂ ਅਸਧਾਰਣ ਸੈੱਲਾਂ ਦਾ ਪਤਾ ਨਾ ਲੱਗੇ ਅਤੇ ਉਹਨਾਂ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਨ੍ਹਾਂ ਨਾਲ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋ ਸਕਦੀ ਹੈ।

### ਬੱਚੇਦਾਨੀ ਦਾ ਮੂੰਹ ਕਿੱਥੇ ਹੈ?




## ਬੱਚੇਦਾਨੀ ਦੇ ਮੂੰਹ ਦੀ ਜਾਂਚ ਕਿਉਂ ਮਹੱਤਵਪੂਰਨ ਹੈ?

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਕਾਰਨ ਬਣਨ ਵਾਲੀਆਂ ਸੈੱਲਾਂ ਵਿਚਲੀਆਂ ਤਬਦੀਲੀਆਂ ਤੁਹਾਡੀ ਜਾਣਕਾਰੀ ਤੋਂ ਬਿਨਾਂ ਹੋ ਸਕਦੀਆਂ ਹਨ। ਜਾਂਚ ਇਹ ਪਤਾ ਲਾਉਣ ਵਿੱਚ ਮਦਦ ਕਰ ਸਕਦੀ ਹੈ ਕਿ ਕੀ ਤੁਹਾਡੇ ਵਿੱਚ ਅਸਧਾਰਣ ਸੈੱਲ ਵਿਕਸਤ ਹੋਣ ਦਾ ਖਤਰਾ ਤਾਂ ਨਹੀਂ ਹੈ। ਅਸਧਾਰਣ ਸੈੱਲਾਂ ਦਾ ਸ਼ੁਰੂ ਵਿੱਚ ਪਤਾ ਲਾ ਕੇ ਇਲਾਜ ਕਰ ਲੈਣ ਨਾਲ ਕੈਂਸਰ ਦੀ ਰੋਕਥਾਮ ਕਰਨ ਵਿੱਚ ਮਦਦ ਹੋ ਸਕਦੀ ਹੈ। ਜਾਂਚ ਕਰਨ ਨਾਲ ਕੈਂਸਰ ਦਾ ਵੀ ਅਗੇਤੇ ਪੜਾਅ ’ਤੇ ਪਤਾ ਲੱਗ ਸਕਦਾ ਹੈ, ਜਦੋਂ ਇਲਾਜ ਦੀਆਂ ਜ਼ਿਆਦਾ ਚੋਣਾਂ ਹੁੰਦੀਆਂ ਹਨ। ਜੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਅਗੇਤੀ ਸਟੇਜ ’ਤੇ ਫੜੀ ਜਾਵੇ ਤਾਂ ਬਚਣ ਦੇ ਮੌਕੇ 85 ਪ੍ਰਤੀਸ਼ਤ ਨਾਲੋਂ ਜ਼ਿਆਦਾ ਹੁੰਦੇ ਹਨ (100 ਵਿੱਚੋਂ 85 ਲੋਕ ਬਚ ਜਾਣਗੇ)।



ਘਰ ਵਿੱਚ ਜਾਂਚ ਕਰਨ ਦੀ ਕਿੱਟ ਉਨ੍ਹਾਂ ਐੱਚ ਪੀ ਵੀ ਲਈ ਟੈੱਸਟ ਕਰਦੀ ਹੈ, ਜਿਹੜੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਕਾਰਨ ਬਣ ਸਕਦੇ ਹਨ। ਸਕਰੀਨਿੰਗ ਕਿੱਟ ਤੁਹਾਨੂੰ ਘਰ ਵਿੱਚ ਆਪਣਾ ਨਮੂਨਾ ਇਕੱਤਰ ਕਰਨ ਦਿੰਦੀ ਹੈ। ਫਿਰ ਤੁਸੀਂ ਆਪਣੀ ਮੁਕੰਮਲ ਕੀਤੀ ਹੋਈ ਕਿੱਟ ਡਾਕ ਰਾਹੀਂ ਭੇਜਦੇ ਹੋ ਅਤੇ 4 ਤੋਂ 6 ਹਫਤਿਆਂ ਵਿਚਕਾਰ ਤੁਹਾਨੂੰ ਨਤੀਜੇ ਮਿਲਦੇ ਹਨ।

## ਬੱਚੇਦਾਨੀ ਦੇ ਮੂੰਹ ਦੀ ਘਰ ਵਿੱਚ ਜਾਂਚ ਕਰਨ ਦੇ ਕੀ ਫਾਇਦੇ ਹਨ?

- ਘਰ ਵਿੱਚ ਬੱਚੇਦਾਨੀ ਦੇ ਮੂੰਹ ਦੀ ਜਾਂਚ ਸਹੀ ਅਤੇ ਸੁਰੱਖਿਅਤ ਹੈ।
- ਤੁਸੀਂ ਇਹ ਜਾਂਚ ਜਦੋਂ ਚਾਹੋ ਅਤੇ ਜਿੱਥੇ ਤੁਸੀਂ ਆਰਾਮਦੇਹ ਮਹਿਸੂਸ ਕਰਦੇ ਹੋਵੋ ਉੱਥੇ ਕਰ ਸਕਦੇ ਹੋ।
- ਟੈੱਸਟ ਤੇਜ਼, ਸੌਖਾ ਅਤੇ ਦਰਦ-ਰਹਿਤ ਹੈ। ਤੁਸੀਂ ਆਪਣੀ ਯੋਨੀ ਵਿੱਚ ਇਕ ਛੋਟਾ ਜਿਹਾ ਤੂੰਬਾ ਫੇਰ ਕੇ ਨਮੂਨਾ ਇਕੱਤਰ ਕਰਦੇ ਹੋ। ਇਹ ਪੈਪ ਟੈੱਸਟ ਤੋਂ ਵੱਖਰਾ ਹੈ (ਜਿਸ ਵਿੱਚ ਕੋਈ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚੋਂ ਸੈੱਲਾਂ ਦਾ ਛੋਟਾ ਜਿਹਾ ਨਮੂਨਾ ਇਕੱਤਰ ਕਰਦਾ ਹੈ।)

## ਕੀ ਮੈਂ ਇਸ ਨੂੰ ਠੀਕ ਕਰਾਂਗੀ? ਕੀ ਇਸ ਨਾਲ ਦੁੱਖ ਲੱਗੇਗਾ?

ਬੱਚੇਦਾਨੀ ਦੇ ਮੂੰਹ ਦੀ ਘਰ ਵਿਚਲੀ ਜਾਂਚ ਸੌਖੀ ਹੈ ਅਤੇ ਇਸ ਨਾਲ ਦੁੱਖ ਨਹੀਂ ਲੱਗਣਾ ਚਾਹੀਦਾ। ਇਕ ਚੰਗਾ ਨਮੂਨਾ ਲੈਣ ਲਈ ਆਪਣੀ ਕਿੱਟ ਵਿਚਲੀਆਂ ਹਿਦਾਇਤਾਂ ਦੀ ਪਾਲਣਾ ਕਰੋ। ਯੋਨੀ ਵਿੱਚੋਂ ਇਕ ਛੋਟਾ ਜਿਹਾ ਨਮੂਨਾ ਲੈਣ ਦੀ ਹੀ ਲੋੜ ਹੈ।

## ਮੇਰੇ ਨਤੀਜਿਆਂ ਦਾ ਕੀ ਮਤਲਬ ਹੋਵੇਗਾ?

ਜੇ ਤੁਹਾਡਾ ਨਤੀਜਾ ਇਹ ਦਿਖਾਏ ਕਿ ਕੋਈ ਵੀ ਵੱਧ ਖਤਰੇ ਵਾਲਾ ਐੱਚ ਪੀ ਵੀ ਨਹੀਂ ਮਿਲਿਆ, ਤਾਂ ਇਸ ਦਾ ਮਤਲਬ ਹੈ ਕਿ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚ ਅਸਧਾਰਣ ਸੈੱਲ ਹੋਣ ਦੀ ਬਹੁਤ ਘੱਟ ਸੰਭਾਵਨਾ ਹੈ। ਤੁਹਾਨੂੰ ਪੰਜ ਸਾਲਾਂ ਲਈ ਹੋਰ ਜਾਂਚ ਕਰਵਾਉਣ ਦੀ ਲੋੜ ਨਹੀਂ ਹੈ। ਹਰ 5 ਸਾਲਾਂ ਬਾਅਦ ਐੱਚ ਪੀ ਵੀ ਦਾ ਟੈੱਸਟ, ਹਰ 3 ਸਾਲਾਂ ਬਾਅਦ ਪੈਪ ਟੈੱਸਟ ਜਿੰਨਾ ਹੀ ਸੁਰੱਖਿਅਤ ਹੈ। ਜੇ ਤੁਹਾਡਾ ਨਤੀਜਾ ਇਹ ਦਿਖਾਏ ਕਿ ਵੱਧ ਖਤਰੇ ਵਾਲਾ ਐੱਚ ਪੀ ਵੀ ਲੱਭਿਆ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ, ਪਰ ਇਸ ਦਾ ਮਤਲਬ ਇਹ ਹੈ ਕਿ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਕੋਲ ਹੋਰ ਕਈ ਵਾਰ ਜਾਣ ਦੀ ਲੋੜ ਹੈ।

## ਐੱਚ ਪੀ ਵੀ ਦਾ ਟੈੱਸਟ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਤੋਂ ਕਿਸ ਤਰ੍ਹਾਂ ਰੋਕਥਾਮ ਕਰਦਾ ਹੈ?

ਅਸਧਾਰਣ ਸੈੱਲਾਂ ਵਿਚਲੀਆਂ ਤਬਦੀਲੀਆਂ ਦੇਖਣ ਵਾਲੇ ਪੈਪ ਟੈੱਸਟ ਤੋਂ ਉਲਟ, ਐੱਚ ਪੀ ਵੀ ਦੇ ਟੈੱਸਟ ਉਸ ਵਾਇਰਸ ਨੂੰ ਲੱਭਦੇ ਹਨ ਜਿਹੜੇ ਵਾਇਰਸ ਸੈੱਲਾਂ ਵਿੱਚ ਇਹ ਅਸਧਾਰਣ ਤਬਦੀਲੀਆਂ ਪੈਦਾ ਕਰਦੇ ਹਨ।

### ਬੱਚੇਦਾਨੀ ਦੇ ਮੂੰਹ ਦੀ ਕੈਂਸਰ ਕਿਵੇਂ ਵਿਕਸਤ ਹੁੰਦੀ ਹੈ

ਵੱਧ ਖਤਰੇ ਵਾਲੇ ਐੱਚ ਪੀ ਵੀ ਨਾਲ ਹੋਣ ਵਾਲੀਆਂ ਸਾਰੀਆਂ ਇਨਫੈਕਸ਼ਨਾਂ ਕੈਂਸਰ ਨਹੀਂ ਪੈਦਾ ਕਰਦੀਆਂ। ਜੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋਣੀ ਹੋਵੇ, ਤਾਂ ਆਮ ਤੌਰ ਇਹ ਹੋਣ ਲਈ ਦਸ ਜਾਂ ਵੱਧ ਸਾਲ ਲਗਦੇ ਹਨ। ਬਹੁਤੀਆਂ ਇਨਫੈਕਸ਼ਨਾਂ ਬਿਨਾਂ ਕੋਈ ਸਮੱਸਿਆ ਪੈਦਾ ਕੀਤਿਆਂ ਆਪਣੇ ਆਪ ਖਤਮ ਹੋ ਜਾਣਗੀਆਂ।




### ਐੱਚ ਪੀ ਵੀ ਦਾ ਟੈੱਸਟ

ਬੱਚੇਦਾਨੀ ਦੇ ਮੂੰਹ ਦੀ ਘਰ ਵਿੱਚ ਜਾਂਚ ਤੁਹਾਡੀ ਯੋਨੀ ਵਿੱਚ ਵੱਧ ਖਤਰੇ ਵਾਲੇ ਐੱਚ ਪੀ ਵੀ ਦੀਆਂ ਕਿਸਮਾਂ ਨੂੰ ਦੇਖਣ ਲਈ ਐੱਚ ਪੀ ਵੀ ਦੇ ਟੈੱਸਟ ਦੀ ਵਰਤੋਂ ਕਰਦੀ ਹੈ। ਐੱਚ ਪੀ ਵੀ ਦੇ ਟੈੱਸਟ ਲਈ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚੋਂ ਨਮੂਨੇ ਦੀ ਲੋੜ ਨਹੀਂ ਹੁੰਦੀ।

### ਪੈਪ ਟੈੱਸਟ

ਪੈਪ ਟੈੱਸਟ ਵਿੱਚ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚੋਂ ਸੈੱਲ ਇਕੱਤਰ ਕਰਦਾ ਹੈ। ਐੱਚ ਪੀ ਵੀ ਕਾਰਨ ਸੈੱਲਾਂ ਵਿੱਚ ਹੋਈਆਂ ਕਿਸੇ ਤਰ੍ਹਾਂ ਦੀਆਂ ਤਬਦੀਲੀਆਂ ਨੂੰ ਦੇਖਣ ਲਈ ਤੁਹਾਡੇ ਨਮੂਨੇ ਨੂੰ ਮਾਈਕਰੋਸਕੋਪ ਦੇ ਹੇਠਾਂ ਦੇਖਿਆ ਜਾਂਦਾ ਹੈ।

## ਬੱਚੇਦਾਨੀ ਦੇ ਮੂੰਹ ਦੀ ਘਰ ਵਿਚਲੀ ਜਾਂਚ ਕਿਸ ਤਰ੍ਹਾਂ ਕੰਮ ਕਰਦੀ ਹੈ

1 ਤੁਹਾਡੀ ਕਿੱਟ ਇਕ ਗੁਪਤ (ਸਾਦੀ, ਨਿਸ਼ਾਨ-ਰਹਿਤ) ਪੈਕਜਿੰਗ ਵਿੱਚ ਡਾਕ ਰਾਹੀਂ ਆਵੇਗੀ।

2 ਆਪਣੀ ਕਿੱਟ ਵਿਚਲੀਆਂ ਹਿਦਾਇਤਾਂ ਦੀ ਪਾਲਣਾ ਕਰਦਿਆਂ ਜਾਂਚ ਨੂੰ ਮੁਕੰਮਲ ਕਰੋ। ਜੇ ਤੁਹਾਡਾ ਕੋਈ ਸਵਾਲ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਕੋਲ ਜਾਉ ਜਾਂ ਸਰਵਿਕਸ ਸਕਰੀਨਿੰਗ ਪ੍ਰੋਗਰਾਮ ਨੂੰ (1-877-702-6566) ’ਤੇ ਫੋਨ ਕਰੋ।

3 ਆਪਣੀ ਮੁਕੰਮਲ ਕੀਤੀ ਕਿੱਟ ਨੂੰ ਆਪਣੇ ਨੇੜੇ ਦੇ ਕੈਨੇਡਾ ਪੋਸਟ ਦੇ ਦਫਤਰ ਨੂੰ ਲੈ ਕੇ ਜਾਵੋ ਜਾਂ ਪੋਸਟ ਬਾਕਸ ਵਿੱਚ ਪਾਉ। ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਆਪਣੀ ਕਿੱਟ ਉਸ ਦਿਨ ਹੀ ਡਾਕ ਵਿੱਚ ਪਾ ਦਿਉ ਜਿਸ ਦਿਨ ਤੁਸੀਂ ਨਮੂਨਾ ਇਕੱਤਰ ਕੀਤਾ ਹੈ।

4 ਤੁਹਾਡੇ ਵੱਲੋਂ ਨਮੂਨਾ ਡਾਕ ਵਿੱਚ ਪਾਉਣ ਤੋਂ ਬਾਅਦ 4 ਤੋਂ 6 ਹਫਤਿਆਂ ਦੇ ਵਿੱਚ ਵਿੱਚ ਤੁਹਾਡੇ ਨਤੀਜੇ ਤੁਹਾਨੂੰ ਅਤੇ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਮਿਲਣਗੇ।

ਜੇ ਤੁਹਾਡਾ ਨਤੀਜਾ ਇਹ ਦਿਖਾਏ ਕਿ ਐੱਚ ਪੀ ਵੀ ਲੱਭਿਆ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਤੁਹਾਨੂੰ ਕੈਂਸਰ ਹੋਵੇਗਾ। ਇਸ ਦਾ ਇਹ ਮਤਲਬ ਹੈ ਕਿ ਤੁਹਾਡੇ ਵਿੱਚ ਵੱਧ ਖਤਰੇ ਵਾਲੇ ਐੱਚ ਪੀ ਵੀ ਦੀ ਇਕ ਕਿਸਮ ਹੈ।

ਇਹ ਜਾਣਨ ਨਾਲ ਕਿ ਤੁਹਾਨੂੰ ਐੱਚ ਪੀ ਵੀ ਹੈ, ਚੁੱਕੇ ਜਾਣ ਵਾਲੇ ਅਗਲੇ ਕਦਮਾਂ ਬਾਰੇ ਫੈਸਲਾ ਕਰਨ ਵਿੱਚ ਤੁਹਾਨੂੰ ਅਤੇ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਮਦਦ ਮਿਲੇਗੀ। ਤੁਹਾਡੇ ਨਤੀਜੇ ਦੇ ਆਧਾਰ ’ਤੇ ਤੁਹਾਨੂੰ ਪੈਪ ਟੈੱਸਟ ਜਾਂ ਕੌਲਪੌਸਕੋਪੀ ਕਰਵਾਉਣ ਦੀ ਲੋੜ ਪੈ ਸਕਦੀ ਹੈ।